BRITISH COLUMBIA HealthLinkBC

Punjabi - Number 116
August 2021

# ਜਨਮ ਤੋਂ ਪਹਿਲਾਂ ਦਾ (ਪ੍ਰੀਨੇਟਲ) ਅਲਟਰਾਸਾਉਂਡ
# Prenatal Ultrasound

ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਹ ਬੇਨਤੀ ਕਰ ਸਕਦਾ ਹੈ ਕਿ ਤੁਸੀਂ ਆਪਣੀ ਗਰਭਅਵਸਥਾ ਦੇ ਦੌਰਾਨ ਇੱਕ ਜਾਂ ਉਸ ਤੋਂ ਵੱਧ ਅਲਟਰਾਸਾਉਂਡ ਸਕੈਨ ਕਰਵਾਓ। ਇਹ ਪ੍ਰੀਨੇਟਲ ਅਲਟਰਾਸਾਉਂਡ ਸਕੈਨ ਮਹੱਤਵਪੂਰਨ ਮੈਡੀਕਲ ਜਾਣਕਾਰੀ ਦਿੰਦੇ ਹਨ ਜੋ ਤੁਹਾਨੂੰ ਅਤੇ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਦੇਖਭਾਲ ਦੀ ਸਭ ਤੋਂ ਵਧੀਆ ਯੋਜਨਾ ਬਣਾਉਣ ਵਿੱਚ ਸਹਾਇਤਾ ਕਰੇਗੀ।

## ਪ੍ਰੀਨੇਟਲ ਅਲਟਰਾਸਾਉਂਡ ਕੀ ਹੈ?

ਇੱਕ ਪ੍ਰੀਨੇਟਲ ਅਲਟਰਾਸਾਉਂਡ ਸਕੈਨ ਅਜਿਹੀ ਪੀੜ ਰਹਿਤ ਮੈਡੀਕਲ ਬਿਧੀ ਹੈ ਜੋ ਤੁਹਾਡੇ ਡਾਕਟਰ, ਦਾਈ ਜਾਂ ਨਰਸ ਪ੍ਰੈਕਟੀਸ਼ਨਰ ਦੁਆਰਾ ਆਰਡਰ ਕੀਤੀ ਜਾਂਦੀ ਹੈ। ਇਹ ਗਰਭ ਦੇ ਵਿੱਚ ਤੁਹਾਡੇ ਬੱਚੇ ਦੀ ਜ਼ਿੰਦਾ ਤਸਵੀਰ ਉਤਪੰਨ ਕਰਨ ਲਈ ਅਵਾਜ਼ ਦੀਆਂ ਤਰੰਗਾਂ ਦੀ ਵਰਤੋਂ ਕਰਦੀ ਹੈ ਜੋ ਕਿ ਇੱਕ ਮਾਨੀਟਰ ਤੇ ਦੇਖੀ ਜਾ ਸਕਦੀ ਹੈ। ਅਲਟਰਾਸਾਉਂਡ ਇੱਕ ਡਾਕਟਰ ਜਾਂ ਇੱਕ ਸਿਖਲਾਈ ਪ੍ਰਾਪਤ ਸੋਨੋਗ੍ਰਾਫਰ ਦੁਆਰਾ ਹੱਥ ਨਾਲ ਫੜੇ ਜਾਣ ਉਪਕਰਣ ਨਾਲ ਕੀਤੇ ਜਾਂਦੇ ਹਨ ਜਿਸਨੂੰ ਟ੍ਰਾਂਸਡਿਊਸਰ (transducer) ਕਿਹਾ ਜਾਂਦਾ ਹੈ। ਟਰਾਂਸਡਿਊਸਰ ਅਵਾਜ਼ ਦੀਆਂ ਅਜਿਹੀਆਂ ਤਰੰਗਾਂ ਉਤਪੰਨ ਕਰਦਾ ਹੈ ਜੋ ਮਨੁੱਖੀ ਕੰਨਾਂ ਨਾਲ ਸੁਣੀਆਂ ਨਹੀਂ ਜਾ ਸਕਦੀਆਂ। ਅਵਾਜ਼ ਦੀਆਂ ਤਰੰਗਾਂ ਬੱਚੇ ਤੋਂ ਲੱਗ ਕੇ ਉਛਲਦੀਆਂ ਹਨ ਅਤੇ ਫਿਰ ਅਲਟਰਾਸਾਉਂਡ ਮਸ਼ੀਨ ਅਵਾਜ਼ ਦੀਆਂ ਤਰੰਗਾਂ ਦਾ ਪਤਾ ਲਗਾਉਂਦੀ ਹੈ ਅਤੇ ਉਨ੍ਹਾਂ ਨੂੰ ਤਸਵੀਰ ਵਿੱਚ ਬਦਲ ਦਿੰਦੀ ਹੈ।

ਇੰਨਾਂ ਤਸਵੀਰਾਂ ਨੂੰ ਤੁਹਾਡੇ ਬੱਚੇ ਦੀ ਸਿਹਤ ਅਤੇ ਭਲਾਈ ਦਾ ਨਿਰਧਾਰਨ ਕਰਨ ਲਈ ਵਰਤਿਆ ਜਾਂਦਾ ਹੈ। ਅਲਟਰਾਸਾਉਂਡ ਦੀ ਵਿਆਖਿਆ ਵਿੱਚ ਮਹਾਰਤ ਵਾਲਾ ਇੱਕ ਡਾਕਟਰ ਤਸਵੀਰਾਂ ਦੀ ਸਮੀਖਿਆ ਕਰਦਾ ਹੈ ਅਤੇ ਪ੍ਰੀਨੇਟਲ ਸੰਭਾਲ ਪ੍ਰਦਾਤਾ ਨੂੰ ਲਿਖਤੀ ਰਿਪੋਰਟ ਭੇਜਦਾ ਹੈ। ਤੁਹਾਡਾ ਦੇਖਭਾਲ ਪ੍ਰਦਾਤਾ ਫਿਰ ਤੁਹਾਡੇ ਨਾਲ ਖੋਜਾਂ ਦੀ ਸਮੀਖਿਆ ਕਰੇਗਾ।

## ਪ੍ਰੀਨੇਟਲ ਅਲਟਰਾਸਾਉਂਡ ਕਿਵੇਂ ਕੀਤਾ ਜਾਂਦਾ ਹੈ?

ਪ੍ਰੀਨੇਟਲ ਅਲਟਰਾਸਾਉਂਡ 2 ਤਰੀਕਿਆਂ ਦੇ ਨਾਲ ਕੀਤਾ ਜਾ ਸਕਦਾ ਹੈ:

1. ਟਰਾਂਸਅਬਡੋਮੀਨਲ ਅਲਟਰਾਸਾਉਂਡ (transabdominal ultrasound) ਟਰਾਂਸਡਿਊਸਰ ਨੂੰ ਤੁਹਾਡੇ ਪੇਟ ਦੇ ਉੱਤੇ ਸਰਕਾ ਕੇ ਕੀਤਾ ਜਾਂਦਾ ਹੈ। ਇਹ ਨਿਯਮਿਤ ਪ੍ਰੀਨੇਟਲ ਅਲਟਰਾਸਾਉਂਡ ਦੇ ਦੌਰਾਨ ਵਰਤੀ ਜਾਣ ਵਾਲੀ ਆਮ ਵਿਧੀ ਹੈ।
2. ਏਨਡੋਵਜਾਈਨਲ (ਈਵੀ) (endovaginal (EV)) ਜਾਂ ਟਰਾਂਸਵਜਾਈਨਲ (transvaginal) ਅਲਟਰਾਸਾਉਂਡ ਇੱਕ ਸੰਕਰੇ ਜਿਹੇ ਟਰਾਂਸਡਿਊਸਰ ਨੂੰ ਸਹਿਜੇ ਤੁਹਾਡੀ ਯੋਨੀ ਦੇ ਵਿੱਚ ਰੱਖ ਕੇ ਕੀਤਾ ਜਾਂਦਾ ਹੈ। ਇਹ ਵਿਧੀ ਕੁਝ ਅਜਿਹੀਆਂ ਸਥਿਤੀਆਂ ਦਾ ਮੁਲਾਂਕਣ ਕਰਨ ਲਈ ਵਰਤੀ ਜਾਂਦੀ ਹੈ ਜੋ ਤੁਹਾਡੀ ਗਰਭ ਅਵਸਥਾ ਵਿੱਚ ਪੈਦਾ ਹੋ ਸਕਦੀਆਂ ਹਨ।

ਏਨਡੋਵਜਾਈਨਲ ਸਕੈਨ ਤੁਹਾਡੀ ਬੱਚੇਦਾਨੀ ਦੇ ਨਿਚਲੇ ਹਿਸੇ ਦਾ, ਤੁਹਾਡੇ ਬੱਚੇਦਾਨੀ ਦੀ ਲੰਬਾਈ ਸਮੇਤ, ਜਾਂ ਤੁਹਾਡੇ ਪਲੈਸੈਂਟਾ ਦੀ ਸਥਿਤੀ ਨਿਰਧਾਰਤ ਕਰਨ ਲਈ ਜਿਆਦਾ ਚੰਗਾ ਦ੍ਰਿਸ਼ ਦਿਖਾਉਂਦਾ ਹੈ। ਤੁਹਾਡਾ ਦੇਖਭਾਲ ਪ੍ਰਦਾਤਾ ਤੁਹਾਡੇ ਨਾਲ ਗਰਭ ਅਵਸਥਾ ਵਿੱਚ ਏਨਡੋਵਜਾਈਨਲ ਜਾਂ ਟਰਾਂਸਅਬਡੋਮੀਨਲ ਸਕੈਨ ਦੀ ਵਰਤੋਂ ਕਰਨ ਦੇ ਸਮੇਂ ਅਤੇ ਕਾਰਨਾਂ ਬਾਰੇ ਚਰਚਾ ਕਰੇਗਾ। ਇਸ ਜਾਣਕਾਰੀ ਨਾਲ ਤੁਸੀਂ ਫੈਸਲਾ ਕਰ ਸਕਦੇ ਹੋ ਕਿ ਕੀ ਤੁਸੀਂ ਸਹਿਮਤੀ ਦਿੰਦੇ ਹੋ, ਅਤੇ ਜੇ ਹਾਂ, ਤਾਂ ਤੁਸੀਂ ਕਿਸ ਕਿਸਮ ਦਾ ਅਲਟਰਾਸਾਉਂਡ ਢੰਗ ਪਸੰਦ ਕਰਦੇ ਹੋ।

ਮੈਡੀਕਲ ਅਲਟਰਾਸਾਉਂਡ ਅਕਸਰ 2 ਪਹਿਲੂ ਵਾਲੇ (2 ਡੀ) ਹੁੰਦੇ ਹਨ। ਇਹ ਇੱਕ 3 ਪਹਿਲੂ ਵਾਲੀ (3 ਡੀ) ਤਸਵੀਰ ਦੀ ਬਜਾਏ ਇੱਕ ਸਮਤਲ ਚਿੱਤਰ ਬਣਾਉਂਦਾ ਹੈ।

## ਕੀ ਭਰੂਣ ਅਲਟਰਾਸਾਉਂਡ ਸੁਰੱਖਿਅਤ ਹਨ?

ਮੈਡੀਕਲ 2ਡੀ ਅਲਟਰਾਸਾਉਂਡ 50 ਸਾਲਾਂ ਤੋਂ ਵੱਧ ਲਈ ਗਰਭਅਵਸਥਾ ਵਿੱਚ ਵਰਤੇ ਜਾਂਦੇ ਰਹੇ ਹਨ। ਇਹ ਨਿਰਧਾਰਤ ਕਰਨ ਲਈ ਬਹੁਤ ਸਾਰੇ ਅਧਿਐਨ ਕੀਤੇ ਗਏ ਹਨ ਕਿ ਕੀ ਮੈਡੀਕਲ ਅਲਟਰਾਸਾਉਂਡ ਸੁਰੱਖਿਅਤ ਹੈ। ਪਿਛਲੇ ਕੁਝ ਦਹਾਕਿਆਂ ਵਿੱਚ ਲੱਖਾਂ ਪ੍ਰੀਨੇਟਲ ਅਲਟਰਾਸਾਉਂਡ ਹੋਏ ਹਨ ਜਿਸਦੇ ਨਾਲ ਬੱਚੇ ਜਾਂ ਮਾਂ ਲਈ ਕਿਸੇ ਸਿਹਤ ਸਬੰਧੀ ਖਤਰੇ ਦੀ ਪੁਸ਼ਟੀ ਨਹੀਂ ਹੋਈ ਹੈ। ਅਲਟਰਾਸਾਉਂਡ ਐਕਸ-ਰੇ ਨਹੀਂ ਹੈ ਅਤੇ ਆਈਓਨਾਈਜ਼ਿੰਗ ਰੇਡੀਏਸ਼ਨ (ionizing radiation) ਨਹੀਂ ਵਰਤਦਾ।

ਸਾਰੇ ਅਲਟਰਾਸਾਉਂਡ ਸਕੈਨ ਇੱਕ ਡਾਕਟਰ, ਦਾਈ ਜਾਂ ਨਰਸ ਪ੍ਰੈਕਟੀਸ਼ਨਰ ਦੁਆਰਾ ਆਰਡਰ ਕੀਤੇ ਜਾਂਦੇ ਹਨ। ਉਹ ਸਿਖਲਾਈ ਪ੍ਰਾਪਤ ਲੋਕਾਂ ਦੁਆਰਾ ਕੀਤੇ ਜਾਣੇ ਚਾਹੀਦੇ ਹਨ ਜਿੰਨਾਂ ਕੋਲ ਭਰੂਣ ਅਲਟਰਾਸਾਉਂਡ ਵਿੱਚ ਖਾਸ ਗਿਆਨ ਅਤੇ ਮਹਾਰਤ ਹੈ।

## ਮੈਂ ਆਪਣੀ ਅਪੌਇੰਟਮੈਂਟ ਵਾਸਤੇ ਤਿਆਰੀ ਕਰਨ ਲਈ ਕੀ ਕਰ ਸਕਦੀ ਹਾਂ?

ਜਦੋਂ ਤੁਸੀਂ ਆਪਣਾ ਅਲਟਰਾਸਾਉਂਡ ਬੁਕ ਕਰਦੇ ਹੋ, ਤਾਂ ਤੁਹਾਨੂੰ ਆਪਣੀ ਅਪੌਇੰਟਮੈਂਟ ਲਈ ਕਿਵੇਂ ਤਿਆਰੀ ਕਰਨੀ ਹੈ ਬਾਰੇ ਹਿਦਾਇਤਾਂ ਦਿੱਤੀਆਂ ਜਾਣਗੀਆਂ। ਮਿਸਾਲ ਦੇ ਤੌਰ ਤੇ, ਸੰਭਵ ਹੈ ਕਿ ਤੁਹਾਨੂੰ ਆਪਣੀ ਅਪੌਇੰਟਮੈਂਟ ਲਈ ਭਰੇ ਹੋਏ ਬਲੈਡਰ ਦੇ ਨਾਲ ਆਉਣ ਲਈ ਕਿਹਾ ਜਾਏ।

## ਮੈਨੂੰ ਆਪਣੀ ਗਰਭਅਵਸਥਾ ਦੇ ਕਿਹੜੇ ਪੜਾਅ ਤੇ ਪ੍ਰੀਨੇਟਲ ਅਲਟਰਾਸਾਉਂਡ ਕਰਵਾਉਣਾ ਚਾਹੀਦਾ ਹੈ?

ਇੱਕ ਅਲਟਰਾਸਾਉਂਡ ਸਕੈਨ ਤੁਹਾਡੀਆਂ ਮੈਡੀਕਲ ਲੋੜਾਂ ਦੇ ਅਧਾਰ ਤੇ, ਤੁਹਾਡੇ ਡਾਕਟਰ, ਦਾਈ ਜਾਂ ਨਰਸ ਪ੍ਰੈਕਟੀਸ਼ਨਰ ਦੁਆਰਾ ਤੁਹਾਡੀ ਗਰਭਅਵਸਥਾ ਦੇ ਦੌਰਾਨ ਕਿਸੇ ਵੀ ਵੇਲੇ ਆਰਡਰ ਕੀਤਾ ਜਾ ਸਕਦਾ ਹੈ। ਅਕਸਰ ਇਹ ਸਿਫਾਰਸ਼ ਕੀਤੀ ਜਾਏਗੀ ਕਿ ਤੁਸੀਂ ਆਪਣੀ ਗਰਭਅਵਸਥਾ ਦੀ ਪਹਿਲੀ ਤਿਮਾਹੀ ਅਤੇ ਦੂਸਰੀ ਤਿਮਾਹੀ ਦੇ ਦੌਰਾਨ ਅਲਟਰਾਸਾਉਂਡ ਕਰਵਾਓ।

## ਇੱਕ ਪ੍ਰੀਨੇਟਲ ਅਲਟਰਾਸਾਉਂਡ ਕੀ ਜਾਣਕਾਰੀ ਦੇਵੇਗਾ?

ਸਕੈਨ ਇਸ ਗੱਲ ਤੇ ਅਧਾਰਤ ਵੱਖਰੀ ਜਾਣਕਾਰੀ ਦਿਖਾਏਗਾ ਕਿ ਅਲਟਰਾਸਾਉਂਡ ਤੁਹਾਡੀ ਗਰਭਅਵਸਥਾ ਦੇ ਦੌਰਾਨ ਕਦੋਂ ਕੀਤਾ ਜਾਂਦਾ ਹੈ ਅਤੇ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਨੇ ਕਿਸ ਕਾਰਨ ਕਰਕੇ ਇਸ ਲਈ ਬੇਨਤੀ ਕੀਤੀ ਹੈ।

ਆਮਤੌਰ ਤੇ ਸੰਭਵ ਹੈ ਕਿ ਇੱਕ ਪ੍ਰੀਨੇਟਲ ਅਲਟਰਾਸਾਉਂਡ:

- ਤੁਹਾਡੇ ਬੱਚੇ ਦੀ ਉਮਰ (ਦਿਨਾਂ ਅਤੇ ਹਫਤਿਆਂ ਵਿੱਚ) ਅਤੇ ਤੁਹਾਡੀ ਅੰਦਾਜ਼ਨ ਡਿਊ ਡੇਟ ਨਿਰਧਾਰਤ ਕਰੇ
- ਤੁਹਾਡੇ ਬੱਚੇ ਦੇ ਆਕਾਰ ਅਤੇ ਵਾਧੇ ਨੂੰ ਦੇਖੇ
- ਇਹ ਦੇਖਣ ਲਈ ਜਾਂਚ ਕਰੇ ਕਿ ਤੁਹਾਡਾ ਬੱਚਾ ਸਧਾਰਨ ਢੰਗ ਨਾਲ ਵੱਧ ਰਿਹਾ ਹੈ ਜਾਂ ਕਿ ਕੋਈ ਵੱਡੀਆਂ ਸਰੀਰਕ ਚਿੰਤਾਵਾਂ ਹਨ
- ਤੁਹਾਡੇ ਬੱਚੇ ਦੇ ਆਸੇਪਾਸੇ ਦੇ ਐਮਨਿਓਟਿਕ (amniotic) ਦ੍ਰਵ ਦੀ ਮਾਤਰਾ ਦੀ ਜਾਂਚ ਕਰੇ
- ਦਿਖਾਏ ਕਿ ਤੁਹਾਡਾ ਬੱਚਾ ਕਿਸ ਸਥਿਤੀ ਵਿੱਚ ਹੈ
- ਤੁਹਾਡੀ ਬੱਚੇਦਾਨੀ, ਅੰਡਕੋਸ਼ਾਂ, ਪਲੈਸੇਨਟਾ (placenta) ਜਾਂ ਸਰਵਿਕਸ ਸੰਬੰਧੀ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਦੀਆਂ ਚਿੰਤਾਵਾਂ ਬਾਰੇ ਖੋਜਬੀਨ ਵਿੱਚ ਸਹਾਇਤਾ ਕਰੇ

### ਪਹਿਲੀ ਤਿਮਾਹੀ (14 ਹਫਤਿਆਂ ਤੱਕ)

ਪਹਿਲੀ ਤਿਮਾਹੀ ਦੇ ਦੌਰਾਨ ਕੀਤਾ ਗਿਆ ਅਲਟਰਾਸਾਉਂਡ ਸਭ ਤੋਂ ਵਧੀਆ ਸਮਾਂ ਹੈ:

- ਇਹ ਨਿਰਧਾਰਤ ਕਰਨ ਲਈ ਕਿ ਤੁਹਾਡੀ ਗਰਭਅਵਸਥਾ ਕਿਥੋਂ ਤੱਕ ਪਹੁੰਚ ਗਈ ਹੈ
- ਤੁਹਾਡੀ ਬੱਚਾ ਪੈਦਾ ਹੋਣ ਦੀ ਮਿਤੀ (ਡਿਊ ਡੇਟ) ਦਾ ਅੰਦਾਜ਼ਾ ਲਗਾਉਣ ਲਈ
- ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਨ ਲਈ ਕਿ ਕੀ ਇੱਕ ਤੋਂ ਵੱਧ ਬੱਚਾ ਹੈ ਅਤੇ ਕੀ ਉਨ੍ਹਾਂ ਦਾ ਪਲੈਸੇਨਟਾ (placenta) ਅਤੇ/ਜਾਂ ਐਮਨਿਓਟਿਕ ਸੈਕ (ਬੱਚੇਦਾਨੀ ਦੇ ਅੰਦਰ ਦ੍ਰਵ ਦਾ ਬੈਗ ਜਿਥੇ ਬੱਚਾ ਵਿਕਸਤ ਹੁੰਦਾ ਹੈ) ਸਾਂਝਾ ਹੈ

ਪ੍ਰੀਨੇਟਲ ਜਨੈਟਿਕ ਸਕ੍ਰੀਨਿੰਗ ਵਿਕਲਪਾਂ ਦੀ ਇੱਕ ਸ਼੍ਰੇਣੀ ਦੇ ਹਿੱਸੇ ਵਜੋਂ, ਕਈ ਔਰਤਾਂ ਨੂਕਲ ਟਰਾਂਸਲੂਸੈਂਸੀ (nuchal translucency (NT)) ਮਾਪ ਕੀਤੇ ਜਾਣ ਲਈ ਅਲਟਰਾਸਾਉਂਡ ਕੀਤੇ ਜਾਣ ਵਾਸਤੇ ਯੋਗ ਹੁੰਦੀਆਂ ਹਨ। ਇਸ ਕਿਸਮ ਦਾ ਅਲਟਰਾਸਾਉਂਡ ਤੁਹਾਡੇ ਬੱਚੇ ਦੇ ਡਾਊਨ ਸਿੰਡਰੋਮ (ਡੀਐਸ), ਟ੍ਰਾਈਸੋਮੀ 18 ਜਾਂ ਓਪਨ ਨਿਊਰਲ ਟਿਊਬ ਨੁਕਸ ਹੋਣ ਦੇ ਸੰਜੋਗ ਨੂੰ ਨਿਰਧਾਰਤ ਕਰਨ ਵਾਸਤੇ ਖ਼ੂਨ ਦੇ ਟੈਸਟਾਂ ਦੇ ਨਾਲ ਕੀਤਾ ਜਾ ਸਕਦਾ ਹੈ। ਪ੍ਰੀਨੇਟਲ ਜਨੈਟਿਕ ਸਕ੍ਰੀਨਿੰਗ ਸੰਬੰਧੀ ਆਪਣੇ ਵਿਕਲਪਾਂ ਬਾਰੇ ਹੋਰ ਜਾਣਨ ਲਈ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ।

## ਦੂਸਰੀ ਤਿਮਾਹੀ (14 ਤੋਂ 27 ਹਫਤੇ)

ਤੁਹਾਡੀ ਗਰਭਅਵਸਥਾ ਦੇ 18 ਅਤੇ 22 ਹਫਤਿਆਂ ਦੇ ਵਿੱਚ ਕੀਤੇ ਜਾਣ ਵਾਲੇ ਅਲਟਰਾਸਾਉਂਡ ਨੂੰ ਅਕਸਰ ਬਿਓਰੇਵਾਰ, ਐਨਾਟੌਮਿਕਲ ਜਾਂ ਲੈਵਲ 2 ਦਾ ਅਲਟਰਾਸਾਉਂਡ ਕਿਹਾ ਜਾਂਦਾ ਹੈ। ਇਹ ਤੁਹਾਡੇ ਬੱਚੇ ਦੀ ਸਰੀਰ ਦੀ ਰਚਨਾ ਵਲ ਦੇਖਣ ਅਤੇ ਇਹ ਦੇਖਣ ਦੀ ਕੋਸ਼ਿਸ਼ ਕਰਨ ਲਈ ਸਭ ਤੋਂ ਚੰਗਾ ਸਮਾਂ ਹੈ ਕਿ ਕੀ ਕੋਈ ਵਿਕਾਸ ਸਬੰਧੀ ਚਿੰਤਾਵਾਂ ਜਾਂ ਜਨਮ ਸੰਬੰਧੀ ਕੋਈ ਨੁਕਸ ਹਨ। ਤੁਹਾਡੇ ਬੱਚੇ ਦੀ ਬਣਾਵਟ ਦੇ ਆਕਾਰ ਅਤੇ ਮਾਪ ਨੂੰ ਦੇਖਿਆ ਜਾਂਦਾ ਹੈ ਪਰ ਅਲਟਰਾਸਾਉਂਡ ਹਮੇਸ਼ਾ ਇਹ ਨਹੀਂ ਦਸ ਸਕਦਾ ਕਿ ਉਹ ਬਣਾਵਟਾਂ ਕਿੰਨੀ ਚੰਗੀ ਤਰ੍ਹਾਂ ਵਿਕਸਿਤ ਹੋ ਰਹੀਆਂ ਹਨ।

ਤੁਹਾਡੀ ਗਰਭਅਵਸਥਾ ਦੇ 18 ਅਤੇ 22 ਹਫਤਿਆਂ ਦੇ ਅੰਦਰ ਦਾ ਸਮਾਂ ਅਲਟਰਾਸਾਉਂਡ "ਮਾਰਕਰਜ਼" ਦੇਖਣ ਲਈ ਵੀ ਸਭ ਤੋਂ ਚੰਗਾ ਸਮਾਂ ਹੈ। ਮਾਰਕਰਜ਼ (markers) ਜਨਮ ਸੰਬੰਧੀ ਨੁਕਸ ਨਹੀਂ ਹੁੰਦੇ। ਇਹ ਅਕਸਰ ਵਾਧੇ ਅਤੇ ਵਿਕਾਸ ਵਿੱਚ ਸੁਭਾਵਿਕ ਫਰਕ ਹੁੰਦੇ ਹਨ ਅਤੇ ਜਦੋਂ ਇਹ ਦੇਖੇ ਜਾਂਦੇ ਹਨ, ਤਾਂ ਸੰਭਵ ਹੈ ਕਿ ਜਿਆਦਾ ਗੰਭੀਰ ਸਮੱਸਿਆ, ਜਿਵੇਂ ਕਿ ਡਾਊਨ ਸਿੰਡਰੋਮ (Down syndrome) ਜਾਂ ਟ੍ਰਾਈਸੋਮੀ 18 (Trisomy 18), ਵਲ ਇਸ਼ਾਰਾ ਕਰ ਸਕਦੇ ਹਨ। ਜੇ ਮਾਰਕਰ ਦੇਖੇ ਜਾਂਦੇ ਹਨ, ਤਾਂ ਤੁਹਾਨੂੰ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵਲੋਂ ਹੋਰ ਜਿਆਦਾ ਪਰੀਖਣ ਜਾਂ ਜਾਣਕਾਰੀ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਅਲਟਰਾਸਾਉਂਡ "ਮਾਰਕਰ" ਵਾਲੇ ਜਿਆਦਾਤਰ ਬੱਚੇ ਪੂਰੀ ਤਰ੍ਹਾਂ ਸਿਹਤਮੰਦ ਅਤੇ ਭਲੇ ਚੰਗੇ ਹੁੰਦੇ ਹਨ।

ਅਲਟਰਾਸਾਉਂਡ ਸਾਰੇ ਪ੍ਰੀਨੇਟਲ ਮੁੱਦਿਆਂ ਜਾਂ ਸਥਿਤੀਆਂ ਦਾ ਪਤਾ ਨਹੀਂ ਲਗਾ ਸਕਦਾ। ਪੂਰੀ ਤਰ੍ਹਾਂ ਠੀਕ ਅਲਟਰਾਸਾਉਂਡ ਹੋਣਾ ਪੂਰੀ ਤਰ੍ਹਾਂ ਸਿਹਤਮੰਦ ਗਰਭਅਵਸਥਾ ਜਾਂ ਬੱਚਾ ਹੋਣ ਦੀ ਗਰੰਟੀ ਨਹੀਂ ਦਿੰਦਾ ਹੈ। ਪ੍ਰੀਨੇਟਲ ਅਲਟਰਾਸਾਉਂਡ ਦੀ ਪੇਸ਼ਕਸ਼ ਕਰਨ ਤੋਂ ਇਲਾਵਾ, ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੀ ਗਰਭ ਅਵਸਥਾ ਦੌਰਾਨ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਸਿਹਤ ਦੀ ਨਿਗਰਾਨੀ ਕਰਨ ਲਈ ਨਿਯਮਤ ਸਰੀਰਕ ਮੁਲਾਂਕਣ ਅਤੇ ਹੋਰ ਸਕ੍ਰੀਨਿੰਗ ਟੈਸਟ ਮੁਹੱਈਆ ਕਰੇਗਾ।

## ਤੀਸਰੀ ਤਿਮਾਹੀ (27 ਹਫਤਿਆਂ ਤੋਂ ਬਾਅਦ)

ਸੰਭਵ ਹੈ ਕਿ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਇੱਕ ਜਾਂ ਉਸ ਤੋਂ ਵੱਧ ਤੀਸਰੀ ਤਿਮਾਹੀ ਦੇ ਅਲਟਰਾਸਾਉਂਡ ਕਰਵਾਉਣ ਲਈ ਕਿਹਾ ਜਾਏ ਜੇ ਉਹ ਇੰਨਾਂ ਬਾਰੇ ਚਿੰਤਤ ਹਨ:

- ਤੁਹਾਡੇ ਬੱਚੇ ਦਾ ਮਾਪ, ਵਾਧਾ ਜਾਂ ਸਥਿਤੀ
- ਤੁਹਾਡੇ ਬੱਚੇ ਦੇ ਆਸੇਪਾਸੇ ਐਮਨਿਓਟਿਕ (amniotic) ਦ੍ਰਵ ਦੀ ਮਾਤਰਾ
- ਤੁਹਾਡੇ ਪਲ਼ੈਸੇਨਟਾ (placenta) ਦਾ ਸਥਾਨ
- ਤੁਹਾਡੇ ਸਰਵਿਕਸ (cervix) ਦੀ ਲੰਬਾਈ

## ਕੀ ਮੈਂ ਆਪਣੇ ਬੱਚੇ ਦੇ ਲਿੰਗ ਬਾਰੇ ਜਾਣ ਸਕਦੀ ਹਾਂ?

ਦੂਸਰੀ ਤਿਮਾਹੀ ਦੇ 18 ਤੋਂ 22 ਹਫਤਿਆਂ ਦੇ ਸਕੈਨ ਦੇ ਦੌਰਾਨ, ਸਰੀਰ ਦੀ ਬਣਤਰ ਨੂੰ ਬਿਓਰੇਵਾਰ ਦੇਖਣ ਦੇ ਹਿੱਸੇ ਵਜੋਂ ਤੁਹਾਡੇ ਬੱਚੇ ਦੇ ਜਣਨ-ਅੰਗਾਂ (ਸੰਭੋਗ ਸੰਬੰਧੀ ਇੰਦਰੀਆਂ) ਦਾ ਆਮਤੌਰ ਤੇ ਨਰੀਖਣ ਕੀਤਾ ਜਾਂਦਾ ਹੈ। ਜੇ ਤੁਹਾਡੇ ਬੱਚੇ ਦੀ ਸਥਿਤੀ ਜਣਨ-ਅੰਗਾਂ ਨੂੰ ਸਾਫ ਤਰੀਕੇ ਨਾਲ ਦੇਖਣ ਦਿੰਦੀ ਹੈ, ਤਾਂ ਲਿੰਗ (ਨਰ ਜਾਂ ਮਾਦਾ) ਫਾਇਨਲ ਰਿਪੋਰਟ ਵਿੱਚ ਸੂਚੀਬੱਧ ਹੋਏਗਾ। ਜੇ ਤੁਸੀਂ ਲਿੰਗ ਜਾਣਨਾ ਚਾਹੁੰਦੇ ਹੋ ਤਾਂ ਟੈਸਟ ਆਰਡਰ ਕਰਨ ਵਾਲਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦਸ ਸਕਦਾ ਹੈ।

ਅਲਟਰਾਸਾਉਂਡ ਕਰਨ ਵਾਲਾ ਸੋਨੋਗ੍ਰਾਫਰ, ਤੁਹਾਡੇ ਬੱਚੇ ਦੇ ਲਿੰਗ ਸਮੇਤ, ਉਨ੍ਹਾਂ ਦੁਆਰਾ ਅਲਟਰਾਸਾਉਂਡ ਵਿੱਚ ਦੇਖੀਆਂ ਗਈਆਂ ਚੀਜ਼ਾਂ ਬਾਰੇ ਵਿਸਤਰਤ ਜਾਣਕਾਰੀ ਨਹੀਂ ਦੇ ਸਕਦਾ ਹੈ। ਸਿਰਫ ਤੁਹਾਡਾ ਡਾਕਟਰ, ਦਾਈ ਜਾਂ ਨਰਸ ਪ੍ਰੈਕਟੀਸ਼ਨਰ ਹੀ ਸਕੈਨ ਦੇ ਨਤੀਜੇ ਮੁਹੱਈਆ ਕਰ ਸਕਦੇ ਹਨ। ਜੇ ਤੁਸੀਂ ਆਪਣੇ ਬੱਚੇ ਦਾ ਲਿੰਗ ਨਹੀਂ ਜਾਣਨਾ ਚਾਹੁੰਦੇ ਹੋ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਅਤੇ ਸੋਨੋਗ੍ਰਾਫਰ ਨੂੰ ਦੱਸੋ।

ਸਚੇਤ ਰਹੋ ਕਿ ਅਲਟਰਾਸਾਉਂਡ ਤੁਹਾਡੇ ਬੱਚੇ ਦੇ ਲਿੰਗ ਦਾ ਨਿਰਧਾਰਨ ਕਰਨ ਵਿੱਚ ਹਮੇਸ਼ਾ ਸਹੀ ਨਹੀਂ ਹੁੰਦਾ ਹੈ। ਨਾਲੇ, ਸਿਰਫ ਬੱਚੇ ਦੇ ਲਿੰਗ ਦੀ ਪਛਾਣ ਕਰਨ ਦੇ ਉਦੇਸ਼ ਦੇ ਲਈ ਇੱਕ ਅਲਟਰਾਸਾਉਂਡ ਪਰੀਖਣ ਬੁਕ ਨਹੀਂ ਕੀਤਾ ਜਾਏਗਾ ਜਾਂ ਨੇਮਕ ਪਰੀਖਣ ਨੂੰ ਵਧਾਇਆ ਨਹੀਂ ਜਾਏਗਾ।

## ਕਿਹੜੇ ਕਾਰਕ ਅਲਟਰਾਸਾਉਂਡ ਰਾਹੀਂ ਮੇਰੇ ਦੁਆਰਾ ਪ੍ਰਾਪਤ ਕੀਤੀ ਜਾਣ ਵਾਲੀ ਜਾਣਕਾਰੀ ਨੂੰ ਸੀਮਿਤ ਕਰ ਸਕਦੇ ਹਨ?

ਅਜਿਹੇ ਕੁਝ ਕਾਰਕ ਹਨ ਜੋ ਸੰਭਵ ਹੈ ਇਹ ਸੀਮਿਤ ਕਰਨ ਕਿ ਤੁਸੀਂ ਆਪਣੇ ਅਲਟਰਾਸਾਉਂਡ ਤੋਂ ਕਿਹੜੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇੰਨਾਂ ਵਿੱਚ ਸ਼ਾਮਲ ਹਨ:

- ਜੇ ਤੁਹਾਡੀ ਪਹਿਲੀ ਤਿਮਾਹੀ ਵਿੱਚ ਬਹੁਤ ਸ਼ੁਰੂ ਦਾ ਸਮਾਂ ਹੈ ਅਤੇ ਤੁਹਾਡਾ ਬੱਚਾ ਅਜੇ ਬਹੁਤ ਛੋਟਾ ਹੈ
- ਜੇ ਤੁਹਾਡੇ ਬੱਚੇ ਦਾ ਆਕਾਰ ਜਾਂ ਸਥਿਤੀ ਸੋਨੋਗ੍ਰਾਫਰ ਜੋ ਵੇਖ ਅਤੇ ਮਾਪ ਸਕਦਾ ਹੈ ਉਸ ਨੂੰ ਸੀਮਤ ਕਰਦਾ ਹੈ
- ਤੁਹਾਡੇ ਪਲੈਸੈਂਟਾ ਦਾ ਸਥਾਨ ਜਾਂ ਤੁਹਾਡੇ ਬੱਚੇ ਦੇ ਆਲੇ ਦੁਆਲੇ ਐਮਨੀਓਟਿਕ ਤਰਲ ਦੀ ਮਾਤਰਾ
- ਜੇ ਤੁਹਾਡੇ ਕੋਲ ਜੁੜਵੇਂ ਜਾਂ ਜ਼ਿਆਦਾ ਹਨ
- ਜੇ ਤੁਹਾਡਾ ਬਲੈਡਰ ਬਹੁਤ ਭਰਿਆ ਹੋਇਆ ਹੈ ਜਾਂ ਬਹੁਤ ਖਾਲੀ ਹੈ
- ਜੇ ਤੁਹਾਡਾ ਭਾਰ ਜ਼ਿਆਦਾ ਹੈ ਜਾਂ ਮੋਟੇ ਹੋ

## ਕੀ ਮੈਂ ਅਲਟਰਾਸਾਉਂਡ ਤੋਂ ਤਸਵੀਰਾਂ ਪ੍ਰਾਪਤ ਕਰ ਸਕਦੀ ਹਾਂ?

ਮੈਡੀਕਲ ਕਾਰਨਾਂ ਕਰਕੇ ਕੀਤੇ ਜਾਣ ਵਾਲੇ 2ਡੀ ਅਲਟਰਾਸਾਉਂਡ ਕਰਨ ਵਾਲੇ ਕੁਝ ਕਲੀਨਿਕ ਤਸਵੀਰਾਂ ਦਾ ਪ੍ਰਦਾਨ ਕਰਦੇ ਹਨ। ਜਦੋਂ ਤੁਸੀਂ ਆਪਣੇ ਅਲਟਰਾਸਾਉਂਡ ਲਈ ਜਾਂਦੇ ਹੋ ਤਾਂ ਉਨ੍ਹਾਂ ਨੂੰ ਇਸ ਸੰਭਾਵਨਾ ਅਤੇ ਇਸ ਸੰਬੰਧੀ ਖਰਚੇ ਬਾਰੇ ਪੁੱਛੋ।

ਕੁਝ ਕਲੀਨਿਕ ਕੇਵਲ ਸੰਭਾਲ ਕੇ ਰੱਖਣ ਲਈ (keepsake) ਜਾਂ ਮਨੋਰੰਜਕ ਮਕਸਦਾਂ ਲਈ ਹੀ ਵਿਕਲਪਿਕ, ਪ੍ਰਾਈਵੇਟ-ਪੇਅ, 3ਡੀ ਅਲਟਰਾਸਾਉਂਡ ਪੇਸ਼ ਕਰਦੇ ਅਤੇ ਕਰਦੇ ਹਨ। ਇੰਨਾਂ ਅਲਟਰਾਸਾਉਂਡਾਂ ਦਾ ਮੁੱਖ ਮਕਸਦ ਮੈਡੀਕਲ ਜਾਣਕਾਰੀ ਪ੍ਰਦਾਨ ਕਰਨਾ ਨਹੀਂ ਹੁੰਦਾ।

ਭਰੂਣ (ਫੀਟਲ) ਅਲਟਰਾਸਾਉਂਡ ਸਮੇਤ, ਅਲਟਰਾਸਾਉਂਡ, ਇੱਕ ਮੈਡੀਕਲ ਬਿਧੀ ਹਨ ਅਤੇ ਇੰਨਾਂ ਦੀ ਵਰਤੋਂ ਕੇਵਲ ਉਸ ਵੇਲੇ ਹੀ ਕਰਨੀ ਚਾਹੀਦੀ ਹੈ ਜਦੋਂ ਅਜਿਹਾ ਕਰਨ ਲਈ ਮੈਡੀਕਲ ਕਾਰਨ ਹੋਏ। ਹੈਲਥ ਕੈਨੇਡਾ, ਦ ਸੋਸਾਇਟੀ ਆਫ ਓਬਸਟੈਟ੍ਰੀਸ਼ੀਅਨਜ਼ ਆਫ ਕੈਨੇਡਾ, ਦ ਕਨੇਡੀਅਨ ਅਸੋਸੀਏਸ਼ਨ ਆਫ ਰੇਡੀਓਲੋਜਿਸਟਸ, ਦ ਕਾਲੇਜ ਆਫ ਫਿਜ਼ੀਸ਼ੀਅਨਜ਼ ਐਂਡ ਸਰਜਨਜ਼ ਆਫ ਬੀ ਸੀ, ਅਤੇ ਦ ਇੰਟਰਨੈਸ਼ਨਲ ਸੋਸਾਇਟੀ ਆਫ ਅਲਟਰਾਸਾਉਂਡ ਐਂਡ ਗਾਏਨੇਕੋਲੋਜੀ ਅਲਟਰਾਸਾਉਂਡਾਂ ਦੀ ਸਿਫਾਰਸ਼ ਕੇਵਲ ਮੈਡੀਕਲ ਮਕਸਦਾਂ ਲਈ ਕਰਦੇ ਹਨ ਅਤੇ ਨੌਨ-ਮੈਡੀਕਲ (ਕੀਪਸੇਕ) ਮਕਸਦਾਂ ਲਈ ਨਹੀਂ।

## ਹੋਰ ਜਾਣਕਾਰੀ ਲਈ

ਭਰੂਣ ਅਲਟਰਾਸਾਉਂਡਾਂ ਬਾਰੇ ਹੋਰ ਜਾਣਕਾਰੀ ਲਈ, ਦੇਖੋ:

- ਦ ਸੋਸਾਇਟੀ ਆਫ ਓਬਸਟੈਟ੍ਰੀਸ਼ੀਅਨਜ਼ ਐਂਡ ਗਾਏਨੇਕੌਲੋਜਿਸਟਸ ਆਫ ਕੈਨੇਡਾ – ਅਲਟਰਾਸਾਉਂਡ ਇੰਨ ਪ੍ਰੈਗਨੈਂਸੀ (The Society of Obstetricians and Gynaecologists of Canada – Ultrasound in Pregnancy) www.pregnancyinfo.ca/your-pregnancy/routine-tests/
- ਹੈਲਥ ਕੈਨੇਡਾ – ਫੀਟਲ ਅਲਟਰਾਸਾਉਂਡ ਫਾਰ ਕੀਪਸੇਕ ਵਿਡਿਓਜ਼ (Health Canada – Fetal Ultrasound for Keepsake Videos) www.canada.ca/en/health-canada/services/health-risks-safety/radiation/medical/ultrasound.html

ਪ੍ਰੀਨੇਟਲ ਜੇਨੇਟਿਕ ਸਕ੍ਰੀਨਿੰਗ ਬਾਰੇ ਹੋਰ ਜਾਣਕਾਰੀ ਲਈ, ਪੇਰੀਨੇਟਲ ਸਰਵਿਸਿਜ਼ ਬੀਸੀ – ਪ੍ਰੀਨੇਟਲ ਜੇਨੇਟਿਕ ਸਕ੍ਰੀਨਿੰਗ ਦੇਖੋ www.perinatalservicesbc.ca/our-services/screening-programs/prenatal-genetic-screening-program.